ਅਕਾਦਮਿਕ ਸਾਲ 2024-25

ਸਮਾਜ ਸ਼ਾਸਤਰ

ਸ਼੍ਰੇਣੀ - ਬਾਰ੍ਹਵੀਂ

ਮਾਡਲ ਟੈਸਟ ਪੇਪਰ

**ਸਮਾਂ: 3 ਘੰਟੇ** **ਕੁੱਲ ਅੰਕ: 80**

ਭਾਗ (ੳ)

1.ਬਹੁਵਿਕਲਪੀ ਪ੍ਰਸ਼ਨ :- ਸਹੀ ਵਿਕਲਪ ਦੀ ਚੋਣ ਕਰੋ। 15x 1 = 15

(i) ਭਾਰਤ ਵਿੱਚ ਸਭ ਤੋਂ ਵੱਡਾ ਕਬੀਲਾ ਕਿਹੜਾ ਹੈ?

(ੳ) ਸੰਥਾਲ (ਅ) ਭੀਲ (ੲ) ਮੁੰਡਾ (ਸ) ਗੌਂਡ

(ii) ਜਜਮਾਨੀ ਪ੍ਰਬੰਧ ਕਿੰਨਾਂ ਦੀ ਕਰਜਦਾਰੀ ਉੱਤੇ ਅਧਾਰਤ ਹੈ?

(ੳ) ਜਜਮਾਨ (ਅ) ਕਾਮੀ (ੲ) ਜਜਮਾਨ ਤੇ ਕਾਮੀ (ਸ) ਹਮਜਿਨਸੀ

(iii) ਬੇਘਰ ਹੋਣ ਦਾ ਕਾਰਨ ਹੈ:-

(ੳ) ਮਕਾਨਾਂ ਦੀ ਕਮੀ (ਅ) ਆਤਮ ਨਿਰਭਰ (ੲ) ਵਿਕਾਸ (ਸ) ਮੰਡੀ ਦੁਆਰਾ ਪ੍ਰਭਾਵ

(iv) ਜਾਤੀ ਦਾ ਪਰੰਪਰਾਗਤ ਸਿਧਾਂਤ ਕਿਸ ਦੇ ਵਿਚਾਰਾਂ ਉੱਪਰ ਅਧਾਰਿਤ ਹੈ?

(ੳ) ਜੀ ਐਸ ਗੁਰੀਏ (ਅ) ਡੀ ਐਨ ਮਜ਼ੂਮਦਾਰ (ੲ) ਲਿਉਸ ਡਿਉਮੌਂਟ (ਸ) ਜੇ ਐਚ ਹੱਟਨ

(v) ਗੁਲਾਮ ਵਰਗ ਕਿਸ ਦੇ ਵਿਰੁੱਧ ਹੈ?

(ੳ) ਪੂੰਜੀਪਤੀ (ਅ) ਮਾਲਕ (ੲ) ਸ਼ਾਮੰਤ (ਸ) ਛੋਟੇ ਪੂੰਜੀਪਤੀ

(vi) ਟਰਾਂਸਜੈਂਡਰ ਦਾ ਅਰਥ ਹੈ ?

(ੳ) ਪੁਰਸ਼ (ਅ)ਇਸਤਰੀ (ੲ) ਤੀਸਰਾ ਲਿੰਗ ਵਰਗ (ਸ) ਕੋਈ ਨਹੀਂ

(vii) ਪਰਿਵਰਤਨ ਦੀਆਂ ਸੱਭਿਆਚਾਰਕ ਪ੍ਰਕਿਰਿਆਵਾਂ ਹਨ:-

(ੳ) ਪੱਛਮੀਕਰਨ (ਅ) ਸੰਸਕ੍ਰਿਤੀਕਰਨ (ੲ) ਦੋਵੇਂ (ਸ) ਕੋਈ ਨਹੀਂ

(viii) ਹੇਠ ਲਿਖਿਆਂ ਵਿੱਚੋਂ ਕਿਸ ਨੇ ਕਿਹਾ ਹੈ ਕਿ ਆਧੁਨਿਕੀਕਰਨ ਯਾਂਤਰਿਕ ਏਕਤਾ ਤੋਂ ਸਜੀਵ ਏਕਤਾ ਵੱਲ ਵਧਦੀ ਹੈ?

(ੳ) ਦੁਰਖਾਈਮ (ਅ) ਮੈਕਸ ਵੈਬਰ (ੲ) ਕਾਰਲ ਮਾਰਕਸ (ਸ) ਹਰਬਟ ਸਪੈਂਸਰ

(ix) ਗਲਤ ਮਿਲਾਨ ਦੀ ਪਹਿਚਾਣ ਕਰੋ :-

(ੳ) ਸਵੈ ਅਭਿਮਾਨ ਅੰਦੋਲਨ-----ਪੈਰਿਆਰ ਵੀ. ਵੀ. ਰਾਮਾ ਸਵਾਮੀ

(ਅ) ਮਹਾਰ ਅੰਦੋਲਨ------ ਡਾਕਟਰ ਅੰਬੇਦਕਰ

(ੲ) ਚਿਪਕੋ ਅੰਦੋਲਨ ------- ਰਾਜਾ ਰਾਮ ਮੋਹਨ ਰਾਏ

(ਸ) ਨਰਮਦਾ ਬਚਾਓ ਅੰਦੋਲਨ------ ਮੇਧਾ ਪਾਟੇਕਰ

**(x) ਸਹੀ ਮਿਲਾਨ ਦੀ ਪਹਿਚਾਣ ਕਰੋ:-**

(ੳ) ਗਰੀਬੀ ------ਵਾਤਾਵਰਣ ਨਾਲ ਸਬੰਧਿਤ ਸਮੱਸਿਆ

(ਅ) ਨਸ਼ਾਖੋਰੀ ਦਾ ਕਾਰਨ ------ ਸੱਭਿਆਚਾਰ ਸਮੱਸਿਆ

(ੲ) ਨਸ਼ੇ ਦੀ ਲੱਤ -------- ਰਾਜਨੀਤਕ ਸਮੱਸਿਆ

(ਸ) ਪੁੱਤਰ ਸੰਤਾਨ ਨੂੰ ਤਰਜੀਹ ---- ਭਰੂਣ ਹੱਤਿਆ ਦਾ ਕਾਰਨ

**(xi) ਪੰਜਾਬ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਕਿਹੜੇ ਜ਼ਿਲ੍ਹੇ ਵਿੱਚ ਹੈ?**

(ੳ) ਫਿਰੋਜ਼ਪੁਰ (ਅ) ਬਠਿੰਡਾ (ੲ) ਹੁਸ਼ਿਆਰਪੁਰ (ਸ) ਲੁਧਿਆਣਾ

**(xii) ਨਿਰੰਤਰਤਾ ਸਿਧਾਂਤ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?**

(ੳ) ਅਵਿਕਸਤ ਸਿਧਾਂਤ (ਅ) ਵਿਕਾਸਸ਼ੀਲ ਸਿਧਾਂਤ (ੲ) ਵਿਕਾਸ ਸਿਧਾਂਤ (ਸ) ਅਨਿੰਰਤਰਤਾ ਦਾ ਸਿਧਾਂਤ

**(xiii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ:-**

(ੳ) ਮਜ਼ਦੂਰ ਮਹਾਂ ਸੰਘ ਦੀ ਸਥਾਪਨਾ ਮਹਾਤਮਾ ਗਾਂਧੀ ਨੇ ਕੀਤੀ।

(ਅ) ਮਜ਼ਦੂਰ ਆਪਣੇ ਮਹਾਂ ਸੰਘ ਦੀ ਸਥਾਪਨਾ ਬੱਲਭ ਭਾਈ ਪਟੇਲ ਨੇ ਕੀਤੀ।

(ੲ) ਮਜ਼ਦੂਰ ਮਹਾਂ ਸੰਘ ਸਥਾਪਨਾ ਲਾਲਾ ਲਾਜਪਤ ਰਾਏ ਨੇ ਕੀਤੀ ।

(ਸ) ਮਜ਼ਦੂਰ ਮਹਾਂ ਸੰਘ ਦੀ ਸਥਾਪਨਾ ਐਮ ਐਨ ਰਾਏ ਨੇ ਕੀਤੀ।

**(xiv) (A) ਵਰਗ ਸੰਘਰਸ਼ ------ ਕਾਰਲ ਮਾਰਕਸ**

(B) ਮਜ਼ਦੂਰ ਮਹਾਂ ਸੰਘ ----- ਮਹਾਤਮਾ ਗਾਂਧੀ

(ੳ) ਕੇਵਲ A ਸਹੀ ਹੈ।

(ਅ) ਕੇਵਲ B ਸਹੀ ਹੈ।

(ੲ) A ਅਤੇ B ਦੋਵੇਂ ਸਹੀ ਹਨ।

(ਸ) A ਤੇ B ਦੋਵੇਂ ਗਲਤ ਹਨ।

**(xv) ਹੇਠ ਲਿਖਿਆ ਵਿੱਚੋਂ ਕਿਹੜੀ ਰਚਨਾ ਐਮ ਐਨ ਸ੍ਰੀਨਿਵਾਸ ਦੀ ਹੈ?**

(ੳ) Modernization of Indian Tradition

(ਅ) Caste and Racing India

(ੲ) Caste in Modern India

(ਸ) The Communist Manifesto

**ਭਾਗ (ਅ)**

**2. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ।** **5 x 1 = 5**

(i) ਕਿਹੜੇ ਸਮੇਂ ਨੂੰ ਪੱਛਮੀਕਰਨ ਦੇ ਆਰੰਭ ਦਾ ਸੂਚਕ ਮੰਨਿਆ ਜਾਂਦਾ ਹੈ?

(ii) ਐਲ ਪੀ ਜੀ ਦਾ ਕੀ ਅਰਥ ਹੈ?

(iii) ਕਿਸਾਨ ਕਿਸ ਨੂੰ ਕਹਿੰਦੇ ਹਨ?

(iv) ਪੀ ਐਨ ਡੀ ਟੀ ਦਾ ਪੂਰਾ ਨਾਂ ਕੀ ਹੈ?

(v) ਭਾਰਤ ਵਿੱਚ ਸੇਵਾ ਮੁਕਤੀ ਦੀ ਉਮਰ ਕੀ ਹੈ ?

ਭਾਗ (ੲ)

3. ਹੇਠਾਂ ਦਿੱਤੇ ਗਏ ਪਹਿਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦਿਓ। 6 x 1 = 6

ਕਬੀਲਾ ਪਰਿਵਾਰਾਂ ਦੇ ਅਜਿਹੇ ਸਮਾਜਕ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਨੇ ਇੱਕ ਵਿਸ਼ੇਸ਼ ਨਾਂ ਅਪਣਾਇਆ ਹੁੰਦਾ ਹੈ, ਬੋਲੀ ਸਾਂਝੀ ਹੁੰਦੀ ਹੈ, ਕਾਰੋਬਾਰ ਇੱਕ ਕਿਸਮ ਦਾ ਹੁੰਦਾ ਹੈ, ਸਭਿਆਚਾਰਕ ਇਕਸਾਰਤਾ ਹੁੰਦੀ ਹੈ ਅਤੇ ਇੱਕ ਨਿਸ਼ਚਿਤ ਖੇਤਰ ਵਿੱਚ ਰਹਿੰਦਾ ਹੈ ਜਾਂ ਘੁੰਮਦਾ -ਫਿਰਦਾ ਹੈ ।ਇਹ ਸਮਾਜਕ ਸਮੂਹ ਆਪਸਦਾਰੀ ਅਤੇ ਪਰਸਪਰਤਾ ਪੱਖੋਂ ਚੰਗੀ ਤਰ੍ਹਾਂ ਸੰਗਠਿਤ ਹੁੰਦਾ ਹੈ । ਸਿਕਲੀਗਰ ਇੱਕ ਮੇਹਨਤੀ ਸੁਲਝੀ ਹੋਇਆ ਕਬੀਲਾ ਹੈ। ਸਿਕਲੀਗਰਾਂ ਦਾ ਇਹ ਵੀ ਕਥਨ ਹੈ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਨੂੰ ਹਥਿਆਰਾਂ ਦੀ ਲੋੜ ਪਈ। ਤਾਂ ਉਨ੍ਹਾਂ ਹਥਿਆਰ ਲਾਹੌਰ ਦੇ ਮੌਲਾ ਬਖਸ਼ ਲੋਹਾਰ ਤੋਂ ਖਰੀਦੇ ਪਰ ਉਹ ਸਿੱਖਾਂ ਨੂੰ ਪਸੰਦ ਨਾ ਆਏ। ਗੁਰੂ ਜੀ ਪਾਸੋਂ ਆਗਿਆ ਪਾਕੇ ਸਿੱਖ ਹਥਿਆਰ ਬਨਾਉਣ ਵਾਲਿਆਂ ਨੂੰ ਗੁਰੂ ਜੀ ਪਾਸ ਲੈ ਆਏ। ਗੁਰੂ ਸਹਿਬਾਨ ਨੇ ਉਨ੍ਹਾਂ ਨੂੰ ਹਥਿਆਰ ਬਨਾਉਣ ਤੇ ਲਗਾ ਦਿੱਤਾ। ਇੱਕ ਹੋਰ ਰਵਾਇਤ ਅਨੁਸਾਰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਸ਼ਰਧਾ ਨਾਲ ਤਲਵਾਰਾਂ ਸਿਕਲ ਕਰਦਿਆਂ ਵੇਖਿਆ ਤਾਂ ਇਨ੍ਹਾਂ ਦਾ ਨਾਂ ਸਿਕਲੀਗਰ ਰੱਖ ਦਿੱਤਾ । ਪਹਿਲਾਂ ਇਹ ਹਿੰਦੂ ਸਨ ਤੇ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਸਿੱਖ ਧਰਮ ਗ੍ਰਹਿਣ ਕਰਵਾ ਦਿੱਤਾ। ਮੂਲ ਰੂਪ ਵਿਚ ਇਹ ਇੱਕ ਪੱਖੀਵਾਸ ਕਬੀਲਾ ਸੀ ਅਤੇ ਸਿਕਲੀਗਰ ਡੇਰੇਆਂ ਦੇ ਰੂਪ ਵਿੱਚ ਫਿਰਦੇ ਸਨ । ਪਰੰਤੂ ਹੁਣ ਦਿੱਲੀ, ਪਾਣੀਪਤ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਬਠਿੰਡਾ, ਫ਼ੀਰੋਜ਼ਪੁਰ, ਗੁਰਦਾਸਪੁਰ ਤੇ ਕਈ ਹੋਰ ਥਾਵਾਂ ਦੇ ਪੱਕੇ ਟਿਕਾਣੇ ਬਣ ਗਏ। ਇਹ ਮੁੱਦਤ ਤੋਂ ਲੋਹੇ ਦਾ ਕੰਮ ਕਰਦੇ ਚਲੇ ਆ ਰਹੇ ਸਨ। ਤਲਵਾਰਾਂ, ਖੰਡੇ, ਬਰਛੇ, ਨੇਜੇ, ਤੀਰਾਂ ਦੀਆਂ ਨੋਕਾਂ, ਛਬੀਆਂ ਅਤੇ ਕੁਹਾੜੀਆਂ ਆਦਿ ਬਣਾਉਂਦੇ ਰਹੇ ਸਨ। ਜਦ ਅੰਗਰੇਜ਼ ਸਰਕਾਰ ਨੇ ਹਥਿਆਰ ਬਨਾਉਣ ਤੇ ਪਾਬੰਦੀ ਲਾ ਦਿੱਤੀ ਤਾਂ ਇਨ੍ਹਾਂ ਨੇ ਵੀ ਗਾਡੀ ਲੋਹਾਰਾਂ ਵਾਂਗ ਬਾਲਟੇ-ਬਾਲਟੀਆਂ ਦੀ ਮੁਰੰਮਤ ਤੇ ਲੋਹੇ ਦੀਆਂ ਟੋਕਰੀਆਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ । ਹੁਣ ਇਹ ਰੰਬੇ, ਦਾਤਰੀਆਂ ਤੇ ਖੇਤੀਬਾੜੀ ਨਾਲ ਸੰਬੰਧਿਤ ਹੋਰ ਸੰਦ ਬਣਾਉਂਦੇ ਸਨ। ਸਿੱਖ ਸਿਕਲੀਗਰਾਂ ਤੋਂ ਛੁੱਟ ਬਾਕੀ ਕਬੀਲੇ ਵਿੱਚ ਪਰੰਪਰਾਗਤ ਰਸਮਾਂ ਜ਼ਾਰੀ ਰਹੀਆਂ । ਲਾੜਾ ਚਾਰ ਦਿਨ ਸਹੁਰੇ ਘਰ ਰਹਿੰਦਾ ਹੈ। ਗਾਨਾ ਖੋਲਣ ਤੇ ਗੋਤ ਕਨਾਲੇ ਤੋਂ ਪਿੱਛੋਂ ਛਿੱਟੀਆਂ ਖੇਡਣ ਦੀ ਰਸਮ ਪਿੱਛੋਂ ਖੂਹ ਤੇ ਲੈ ਜਾਣ ਦੀ ਗੀਤ ਅਤੇ ਘੜ੍ਹੋਲੀ ਦੀ ਰਸਮ ਵੀ ਕੀਤੀ ਜਾਂਦੀ ਹੈ। ਪ੍ਰੰਤੂ ਜਿਹੜੇ ਸਿਕਲੀਗਰ ਗੁਰੂ ਮਰਿਆਦਾ ਅਨੁਸਾਰ ਲਾਵਾਂ ਕਰਨ ਲੱਗ ਪਏ ਸਨ ਉਨ੍ਹਾਂ ਇਨ੍ਹਾਂ ਰਸਮਾਂ ਨੂੰ ਤਿਆਗ ਦਿੱਤਾ। ਇਬੈਟਸਨ ਅਨੁਸਾਰ ਲੱਲੀ ਪੱਛਮੀ ਪੰਜਾਬ ਦੇ ਮਿੰਟਗੁਮਰੀ ਜਿਲ੍ਹੇ ਵਿੱਚ ਮੁਸਲਮਾਨ ਜੱਟਾਂ ਦਾ ਇੱਕ ਕਬੀਲਾ ਹੈ। ਪਰੰਤੂ ਸਾਡੇ ਸਰਵੇਖਣ ਅਨੁਸਾਰ ਇਹ ਹਿੰਦੂ ਪੱਖੀਵਾਸ ਹਨ । ਜੋ ਆਪਣੇ ਆਪ ਨੂੰ ਰਾਜਪੂਤ ਦੱਸਦੇ ਸਨ। ਇਹ ਫ਼ਕੀਰਾਂ ਦੀ ਇੱਕ ਸ਼੍ਰੇਣੀ ਹੈ । ਜੋ ਬਦੀਆਂ ਤੇ ਗੰਧੀਲਿਆਂ ਵਾਂਗ ਤੰਬੂਆਂ ਵਿੱਚ ਰਹਿੰਦੀ ਹੈ। ਇਨ੍ਹਾਂ ਦੇ ਡੇਰੇ ਆਮ ਕਰਕੇ ਦਰਿਆਵਾਂ, ਨਦੀਆਂ, ਨਾਲਿਆਂ ਜਾਂ ਛੱਬਾਂ ਦੇ ਕਿਨਾਰੇ ਹੁੰਦੇ ਸਨ । ਕੁਝ ਡੇਰੇ ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ, ਜਲੰਧਰ, ਫਿਰੋਜ਼ਪੁਰ ਸ਼ਹਿਰਾਂ ਦੇ ਨੇੜੇ ਵੀ ਦੇਖੇ ਗਏ ਸਨ। 1947 ਵਿੱਚ ਇਨ੍ਹਾਂ ਦੇ ਕੁਝ ਡੇਰੇ ਪਾਕਿਸਤਾਨ ਵਿੱਚ ਰਹਿ ਗਏ ਸਨ। ਮੰਗਣ ਤੋਂ ਛੁੱਟ ਇਨ੍ਹਾਂ ਦਾ ਕੋਈ ਵਿਹਾਰ ਨਹੀਂ। ਇਨ੍ਹਾਂ ਉੱਨ ਜਾਂ ਸਣ ਦੀਆਂ ਸੇਲੀਆਂ ਵਿੱਚ ਘੁੰਗਰੂ ਪਰੋ ਕੇ ਗਲਾਂ ਵਿੱਚ ਪਾਏ ਹੁੰਦੇ ਸਨ ਜਾਂ ਲੱਕ ਨਾਲ ਬੰਨੇ ਹੁੰਦੇ ਸਨ ਅਤੇ ਮਲੰਗਾਂ ਵਾਲਾ ਨਾਚ ਨੱਚਦੇ ਤੇ ਗਾਉਂਦੇ ਸਨ।

(i) ਇਬੈਟਸਨ ਕਿਹੜੇ ਕਬੀਲੇ ਦੀ ਗੱਲ ਕਰਦਾ ਹੈ? 1

(ii) ਅੰਗਰੇਜ਼ਾਂ ਵੱਲੋਂ ਹਥਿਆਰ ਬਣਾਉਣ ਤੇ ਪਾਬੰਦੀ ਲਗਾਏ ਜਾਣ ਤੋਂ ਬਾਅਦ ਸਿਕਲੀਗਰਾਂ ਉੱਤੇ ਕੀ ਪ੍ਰਭਾਵ ਪਿਆ? 1

(iii) ਲੱਲੀ ਕਬੀਲੇ ਦੇ ਲੋਕਾਂ ਦਾ ਮੁੱਖ ਕੰਮ ਕਿਹੜਾ ਸੀ? 1

(iv) ਪੈਰੇ ਅਨੁਸਾਰ ਸਿਕਲੀਗਰਾਂ ਨੂੰ ਹਥਿਆਰ ਬਣਾਉਣ ਦਾ ਕੰਮ ਸਭ ਤੋਂ ਪਹਿਲਾਂ ਕਿਹੜੇ ਗੁਰੂ ਸਾਹਿਬ ਨੇ ਸੌਂਪਿਆ ਸੀ? 1

(v) ਇੱਕ ਕਬੀਲੇ ਦੇ ਲੋਕਾਂ ਵਿੱਚ ਕਿਹੜੀਆਂ ਸਾਂਝਾਂ ਹੁੰਦੀਆਂ ਹਨ? 1

(vi) ਸਿਕਲੀਗਰਾਂ ਦੇ ਵਿਆਹ ਸਮੇਂ ਕਿਹੜੀਆਂ ਕਿਹੜੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ? 1

(B) ਹਰਮਨ, ਰਾਜੂ, ਆਰਤੀ ਅਤੇ ਬਲਜੀਤ ਇੱਕ ਸਕੂਲ ਵਿੱਚ ਇੱਕਠੇ ਪੜਦੇ ਹਨ। ਜਿੱਥੇ ਹਰਮਨ ਰਹਿੰਦਾ ਹੈ ਉੱਥੇ ਜਨਸੰਖਿਆ ਘਣਤਾ ਬਹੁਤ ਘੱਟ ਹੈ ਤੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਆਰਤੀ ਦਾ ਮਕਾਨ ਸੰਘਣੀ ਅਬਾਦੀ ਵਿੱਚ ਹੈ ਅਤੇ ਇਸਦੇ ਮੁਹੱਲੇ ਦੇ ਸਾਰੇ ਲੋਕ ਕਾਰੀਗਰ ਤੇ ਨੌਕਰੀ ਪੇਸ਼ਾ ਹਨ। ਹਰਮਨ ਤੇ ਬਲਜੀਤ ਆਪਸ ਵਿੱਚ ਰਿਸ਼ਤੇਦਾਰ ਹਨ ਤੇ ਰਾਜੂ ਦੱਸਦਾ ਹੈ ਕਿ ਉਸਦਾ ਘਰ ਹਰਮਨ ਦੇ ਘਰ ਦੇ ਬਿਲਕੁਲ ਨਾਲ ਹੈ। ਬਲਜੀਤ ਦੇ ਪਿਤਾ ਜੀ ਇੱਕ ਗੈਰ ਸਰਕਾਰੀ ਸੰਸਥਾ ਚਲਾਉਂਦੇ ਹਨ ਜੋ ਬਜ਼ੁਰਗ ਲੋਕਾਂ ਦੀ ਦੇਖਭਾਲ ਕਰਦੀ ਹੈ। ਰਾਜੂ ਦਾ ਪਿਤਾ ਲੋਕਾਂ ਦੇ ਮੰਜੇ ਆਦਿ ਠੀਕ ਕਰਦਾ ਹੈ ਤੇ ਨਕਦ ਮਿਹਨਤਾਂ ਨਾ ਨਹੀਂ ਲੈਂਦਾ, ਸਗੋਂ ਫ਼ਸਲ ਆਉਣ ਤੇ ਲੋਕ ਉਸਨੂੰ ਅਨਾਜ ਤੇ ਵਰਤੋਂ ਦੀਆਂ ਹੋਰ ਵਸਤੂਆਂ ਦੇ ਦਿੰਦੇ ਹਨ। ਆਰਤੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਲੋਕਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਤੇ ਆਪ ਵੀ ਪਹਿਲੀ ਵਾਰ ਵੋਟ ਪਾਈ ਸੀ ।

1. ਚਾਰ ਸਾਥੀਆਂ ਵਿੱਚੋਂ ਇੱਕ ਕਿਹੜਾ ਹੈ ਜਿਸ ਦੀ ਉਮਰ 18 ਸਾਲ ਤੋਂ ਵੱਧ ਹੈ? 1
2. ਚਾਰ ਸਾਥੀਆਂ ਵਿੱਚੋਂ ਕਿਹੜੇ ਦੋ ਪਿੰਡ ਵਿੱਚ ਰਹਿੰਦੇ ਹਨ? 1
3. ਉਪਰੋਕਤ ਪੈਰੇ ਵਿੱਚ ਜਜਮਨੀ ਵਿਵਸਥਾ ਦਾ ਅੰਗ ਉਦਾਹਰਣ ਕੌਣ ਹੈ? 1
4. ਇਹਨਾਂ ਵਿੱਚੋਂ ਸ਼ਹਿਰ ਵਿੱਚ ਰਹਿਣ ਵਾਲਾ ਕੌਣ ਹੋ ਸਕਦਾ ਹੈ? 1
5. NGO ਨਾਲ ਕੌਣ ਸਬਿੰਧਤ ਹੈ? 1
6. ਆਰਤੀ ਪਿੰਡ ਦੀ ਰਹਿਣ ਵਾਲੀ ਹੈ। (ਠੀਕ/ਗ਼ਲਤ) 1

## ਭਾਗ (ਸ)

**ਹੇਠਾਂ ਦਿੱਤੇ ਗਏ ਪ੍ਰਸ਼ਨਾਂ ਵਿੱਚੋਂ ਕਿਸੇ ਛੇ ਪ੍ਰਸ਼ਨਾਂ ਦਾ ਉੱਤਰ 40-50 ਸ਼ਬਦਾਂ ਵਿੱਚ ਦਿਓ।** **6 x 4 = 24**

(i) ਕਰਜ਼ਦਾਰੀ ਲਈ ਜਿੰਮੇਵਾਰ ਤਿੰਨ ਕਾਰਨ ਲਿਖੋ।

(ii) ਸ਼ਹਿਰੀ ਸਮਾਜ ਦੇ ਦੋ ਪਰਿਵਰਤਨਾਂ ਦਾ ਉਲੇਖ ਕਰੋ।

(iii) ਮੱਧ ਵਰਗ ਸਬੰਧੀ ਕੁਝ ਸ਼ਬਦਾਂ ਵਿੱਚ ਟਿੱਪਣੀ ਕਰੋ।

(iv) ਇਸਤਰੀਵਾਦ ਦੇ ਸਿਧਾਂਤ ਤੋਂ ਤੁਸੀਂ ਕੀ ਸਮਝਦੇ ਹੋ?

(v) ਬ੍ਰਾਹਮਣਵਾਦ ਦੇ ਮੁਕਾਬਲੇ ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਨੂੰ ਕਿਉਂ ਤਰਜੀਹ ਦਿੱਤੀ ਜਾਂਦੀ ਹੈ ?

(vi) ਯਾਂਤਰਿਕ ਅਤੇ ਸਜੀਵੀ ਏਕਤਾ ਵਿੱਚ ਅੰਤਰ ਦੱਸੋ?

(vii) ਨਸ਼ੀਲੀਆਂ ਦਵਾਈਆਂ ਤੇ ਸੰਖੇਪ ਟਿੱਪਣੀ ਲਿਖੋ।

(viii) ਘਰੇਲੂ ਹਿੰਸਾ ਦੇ ਦੁਰਪ੍ਰਭਾਵ ਕਿਹੜੇ ਹਨ?

(x) ' ਸਮਾਜਿਕ ਸੁਰੱਖਿਆ ਲਾਭਾਂ ' ਤੋਂ ਤੁਸੀਂ ਕੀ ਸਮਝਦੇ ਹੋ?

## ਭਾਗ (ਹ)

**ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ 100 150 ਸ਼ਬਦਾਂ ਵਿੱਚ ਲਿਖੋ।** **4 x 6 = 24**

(i) ਕਬਾਇਲੀ ਸਮਾਜ ਵਿੱਚ ਆਏ ਸਮਾਜਿਕ ਪਰਿਵਰਤਨਾਂ ਦਾ ਵਰਣਨ ਕਰੋ।

**ਜਾਂ**

ਕਬਾਇਲੀ ਸਮਾਜ, ਪੇਂਡੂ ਸਮਾਜ ਅਤੇ ਸ਼ਹਿਰੀ ਸਮਾਜ ਵਿੱਚ ਅੰਤਰ ਨੂੰ ਵਿਸਥਾਰ ਸਹਿਤ ਸਪਸ਼ਟ ਕਰੋ।

(ii) ਲਿੰਗ ਵਰਗ ਭੇਦਭਾਵ ਕਿਸ ਤਰ੍ਹਾਂ ਸਰਬਪੱਖੀ ਵਿਕਾਸ ਵਿਚ ਰੁਕਾਵਟ ਹੈ?

**ਜਾਂ**

ਵਿਸਵੀਕਰਨ ਦੀ ਪ੍ਰਕਿਰਿਆ ਉੱਤੇ ਵਿਸਥਾਰਤ ਨੋਟ ਲਿਖੋ।

(iii) ਵਾਤਾਵਰਨ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ ਕੋਈ ਵੀ ਦੋ ਅੰਦੋਲਨਾਂ ਦੀ ਵਿਸਥਾਰ ਪੂਰਵਕ ਚਰਚਾ ਕਰੋ।

**ਜਾਂ**

ਸ਼ਰਾਬਖੋਰੀ ਦੇ ਭਿੰਨ ਭਿੰਨ ਪੜਾਵਾਂ ਤੇ ਵਿਸਥਾਰਤ ਟਿੱਪਣੀ ਕਰੋ।

(iv) ਕੰਨਿਆ ਭਰੂਣ ਹੱਤਿਆ ਤੇ ਵਿਸਥਾਰ ਪੂਰਵਕ ਨੋਟ ਲਿਖੋ।

**ਜਾਂ**

ਬਿਰਧ ਅਵਸਥਾ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ।